**Provincial Health Services Authority**
**Patient Care Quality Office**
Suite 200 - 1333 West Broadway Street
Vancouver, BC V6H 4C1
ਮੁਫ਼ਤ ਫ਼ੋਨ: 1 888 875-3256 ਫ਼ੈਕਸ: (604) 829-2631
*pcqo@phsa.ca* http://www.phsa.ca

ਫ਼ੋਨ: 250 370-8323 ਮੁਫ਼ਤ ਫ਼ੋਨ: 1 877 977-5797
ਫ਼ੈਕਸ: 250 370-8971
*patientcarequalityoffice@viha.ca* http://www.viha.ca

**Patient Care Quality Review Boards**
PO Box 9643, Victoria B.C. V8W 9P1

ਫ਼ੈਕਸ: 250 952-2428
*contact@patientcarequalityreviewboard.ca*
http://www.patientcarequalityreviewboard.ca


BRITISH COLUMBIA

Provincial Health Services Authority
Province-wide solutions. Better health.

BC Cancer Agency
CARE + RESEARCH
*An agency of the Provincial Health Services Authority*

BC Centre for Disease Control
An agency of the Provincial Health Services Authority

BC CHILDREN'S HOSPITAL
An agency of the Provincial Health Services Authority

BC MENTAL HEALTH & SUBSTANCE USE SERVICES
*An agency of the Provincial Health Services Authority*

BC TRANSPLANT
An agency of the Provincial Health Services Authority

BC WOMEN'S HOSPITAL+ HEALTH CENTRE
An agency of the Provincial Health Services Authority

BC Renal Agency
An agency of the Provincia Health Services Authority

Cardiac Services BC
A program of the Provincial Health Services Authority

# ਸੇਵਾ ਸੰਭਾਲ ਦੇ ਸਤਰ ਤੋਂ ਚਿੰਤਾਤੁਰ ਹੋ? ਸਾਨੂੰ ਦੱਸੋ।



BRITISH COLUMBIA | Ministry of Health Services

Provincial Health Services Authority
Province-wide solutions. Better health.

ਪ੍ਰੋਵਿੰਸ਼ੀਅਲ ਹੈੱਲਥ ਸਰਵਿਸਜ਼ ਅਥਾਰਟੀ (Provincial Health Services Authority) ਵਿੱਚ ਸਾਨੂੰ ਉਮਦਾ ਸਿਹਤ ਸੰਭਾਲ ਬਹੁਤ ਮਹੱਤਵਪੂਰਨ ਹੈ। ਬੀ.ਸੀ. ਵਿੱਚ ਇੱਕ ਨਵੀਂ ਤਰਕੀਬ ਤੁਹਾਡੀਆਂ ਚਿੰਤਾਂਵਾਂ ਦੇ ਚੰਗੇ ਹੱਲ ਲਈ ਇੱਕ ਮੌਕਾ ਪਰਦਾਨ ਕਰਦੀ ਹੈ ਅਤੇ ਤੁਹਾਡੇ ਵਲੋਂ ਆਈ ਜਾਣਕਾਰੀ ਸਿਹਤ ਸੰਭਾਲ ਦੀ ਪਰਣਾਲੀ ਨੂੰ ਹੋਰ ਉੱਨਤ ਕਰੇਗੀ।

ਜੇਕਰ ਤੁਹਾਨੂੰ ਕੋਈ ***ਸ਼ਿਕਾਇਤ*** ਹੈ ਤਾਂ ਕਿਰਪਾ ਕਰਕੇ ਸਭ ਤੋਂ ਪਹਿੱਲਾਂ ਉਸ ਨਾਲ ਗਲ ਕਰੋ ਜਿਸ ਨੇ ਤੁਹਾਨੂੰ ਸੇਵਾ ਪਰਦਾਨ ਕੀਤੀ ਜਾਂ ਉਸ ਥਾਂ ਦੇ ਮੈਨੇਜਰ ਨਾਲ। ਸ਼ਿਕਾਇਤ ਦਾ ਸਹੀ ਨਿਪਟਾਰਾ ਉਸੇ ਵਕਤ ਅਤੇ ਉਸੇ ਥਾਂ ਹੀ ਹੋ ਸਕਦਾ ਹੈ। ਜੇ ਅਸੀਂ ਤੁਹਾਡੀਆਂ ਆਸਾਂ ਤੇ ਪੂਰੇ ਨਹੀਂ ਉਤਰੇ ਤਾਂ ਅਸੀਂ ਤੁਹਾਡੇ ਨਾਲ ਮਿਲਕੇ ਵਾਜਬ ਹੱਲ ਕੱਢਣ ਲਈ ਵਚਨਬੱਧ ਹਾਂ।

## ਜੇਕਰ ਮੇਰੀ ਸ਼ਿਕਾਇਤ ਦਾ ਹੱਲ ਨਾ ਹੋਵੇ ਤਾਂ?

ਜੇਕਰ ਸੇਵਾ ਵਾਲੀ ਥਾਂ ਤੇ ਮੁੱਦੇ ਉੱਤੇ ਵਿਚਾਰ ਕਰਨ ਤੋਂ ਬਾਅਦ ਤੁਹਾਡੀ ਸ਼ਿਕਾਇਤ ਦਾ ਹੱਲ ਨਹੀਂ ਨਿਕਲਦਾ ਤਾਂ ਅਸੀਂ ਤੁਹਾਨੂੰ ਪਰੇਰਨਾ ਕਰਦੇ ਹਾਂ ਕਿ ਤੁਸੀਂ ਸਾਡੇ ਪੇਸ਼ੈਂਟ ਕੇਅਰ ਕੁਆਲਿਟੀ ਦਫ਼ਤਰ (Patient Care Quality Office) ਨਾਲ ਸੰਪਰਕ ਕਰੋ।

### Patient Care Quality Office

ਪਤਾ: *Suite 200 - 1333 West Broadway Street*
*Vancouver, BC V6H 4C1*

ਮੁਫ਼ਤ ਫ਼ੋਨ: *1 888 875-3256*

ਫ਼ੈਕਸ: *(604) 708-2762*

ਈ.ਮੇਲ: *pcqo@phsa.ca*

Patient Care Quality Office ਸੋਮਵਾਰ ਤੋਂ ਸ਼ੁਕਰਵਾਰ (ਕਨੂੰਨੀ ਛੁਟੀਆਂ ਤੋਂ ਇਲਾਵਾ) ਸਵੇਰੇ 8:30 – 4:30 ਸ਼ਾਮ ਤੱਕ ਖੁੱਲਾ ਰਹਿੰਦਾ ਹੈ।

## ਜੇਕਰ ਮੈਂ Patient Care Quality Office ਵਿੱਚ ਸ਼ਿਕਾਇਤ ਕਰਾਂ ਤਾਂ ਮੈਨੂੰ ਕੀ ਉਮੀਦ ਕਰਨੀ ਚਾਹੀਦੀ ਹੈ?

ਤੁਸੀਂ ਉਮੀਦ ਕਰ ਸਕਦੇ ਹੋ ਕਿ ਤੁਹਾਡੀ ਸ਼ਿਕਾਇਤ ਉੱਤੇ ਤੁਰੰਤ ਅਤੇ ਮੁਨਾਸਬ ਕਾਰਵਾਈ ਹੋਵੇਗੀ। Patient Care Quality Office:

- ਬਾਕਾਇਦਾ ਤੁਹਾਡੀ ਸ਼ਿਕਾਇਤ ਦਰਜ ਕਰੇਗਾ
- ਤੁਹਾਡੀ ਚਿੰਤਾ ਦਾ ਮੁਨਾਸਬ ਹੱਲ ਲੱਭਣ ਲਈ ਤੁਹਾਡੇ ਨਾਲ ਕੰਮ ਕਰੇਗਾ
- ਤੁਹਾਡੀ ਸ਼ਿਕਾਇਤ ਬਾਰੇ ਪ੍ਰਤੀਕਿਰਿਆ ਪਰਸਤੁਤ ਕਰੇਗਾ ਅਤੇ ਸ਼ਿਕਾਇਤ ਉੱਤੇ ਕੀਤੇ ਫ਼ੈਸਲੇ ਅਤੇ ਕੀਤੀ ਕਾਰਵਾਈ ਬਾਰੇ ਸਪਸ਼ਟੀਕਰਨ ਦੇਵੇਗਾ

*ਅਸੀਂ ਸਾਰੇ ਇੱਕ ਉਮਦਾ ਸਿਹਤ ਸੇਵਾ ਸੰਭਾਲ ਪਰਣਾਲੀ ਚਾਹੁੰਦੇ ਹਾਂ – ਇੱਕ ਪਰਣਾਲੀ ਜੋ ਸਾਨੂੰ ਢੁਕਵੀਂ, ਇਕਸਾਰ ਅਤੇ ਸਮੇਂ ਸਿਰ ਸੇਵਾ ਉਪਲਬਦ ਕਰਾਵੇ, ਪਰਣਾਲੀ ਜੋ ਪਾਰਦਰਸ਼ਕ ਅਤੇ ਜਵਾਬਦੇਹ ਹੋਵੇ, ਅਤੇ ਇੱਕ ਪਰਣਾਲੀ ਜਿਸ ਵਿੱਚ ਹਰ ਮਰੀਜ਼ ਨਾਲ ਮਾਨ ਅਤੇ ਸਤਿਕਾਰ ਵਾਲਾ ਵਿਹਾਰ ਹੋਵੇ।*

*ਇੱਕ ਉਮਦਾ ਸਿਹਤ ਸੰਭਾਲ ਪਰਣਾਲੀ ਬਣਾਉਣ ਲਈ ਅਤੇ ਮਰੀਜ਼ਾਂ ਦੀਆਂ ਚਿੰਤਾਂਵਾਂ ਦੇ ਢੁਕਵੇਂ ਨਿਪਟਾਰੇ ਸੁਨਿਸਚਿਤ ਕਰਨ ਲਈ ਅਸੀਂ Patient Care Quality Office ਹਰ ਇੱਕ ਹੈੱਲਥ ਅਥਾਰਟੀ ਵਿੱਚ ਕਾਇਮ ਕੀਤੇ ਹਨ। ਜੋ ਸ਼ਿਕਾਇਤਾਂ ਲੋਕਲ ਸਿਹਤ ਅਥਾਰਟੀ ਦੀ ਪੱਧਰ ਤੇ ਹੱਲ ਨਹੀਂ ਹੁੰਦੀਆਂ ਉਨ੍ਹਾਂ ਦਾ ਨਿਪਟਾਰਾ ਕਰਨ ਲਈ ਇਸ ਪਰਕਿਰਿਆ ਦੇ ਹਿੱਸੇ ਵਜੋਂ ਹਰ ਹੈੱਲਥ ਅਥਾਰਟੀ ਲਈ ਅਸੀਂ Patient Care Quality Review Boards ਵੀ ਇੱਕ ਅਜ਼ਾਦ ਵਸੀਲੇ ਵਜੋਂ ਕਾਇਮ ਕੀਤੇ ਹਨ।*

*ਇੱਕ ਮਰੀਜ਼ ਵਜੋਂ ਤੁਹਾਡੇ ਤਜਰਬੇ ਅਤੇ ਚਿੰਤਾਂਵਾਂ ਬਾਰੇ ਜਾਣਕਾਰੀ ਸਾਨੂੰ ਚਾਹੀਦੀ ਹੈ। ਅਸੀਂ ਸਿਰਫ਼ ਇੱਕ ਵਿਅਕਤੀਗਤ ਮਰੀਜ਼ ਦੀ ਸੇਵਾ ਸੰਭਾਲ ਹੀ ਨਹੀਂ ਸੁਧਾਰਨਾ ਚਾਹੁੰਦੇ ਬਲਕਿ ਆਪਣੀ ਆਲਮੀ ਪੱਧਰ ਦੀ ਸਿਹਤ ਪਰਣਾਲੀ ਨੂੰ ਹੋਰ ਵਧੀਆ ਬਣਾਉਣਾ ਚਾਹੁੰਦੇ ਹਾਂ।*

*Kevin Falcon*
*ਮੰਤਰੀ ਸਿਹਤ ਸੇਵਾਂਵਾਂ*

## ਜੇਕਰ ਮੈਂ ਹਾਲੀ ਵੀ ਸੰਤੁਸ਼ਟ ਨਹੀਂ ਤਾਂ ਫ਼ਿਰ ਕੀ ਕਰਾਂ?

ਜੇਕਰ ਤੁਸੀਂ ਮਹਿਸੂਸ ਕਰਦੇ ਹੋ ਕਿ Patient Care Quality Office ਦੇ ਜਵਾਬ ਨਾਲ ਤੁਹਾਡੀਆਂ ਚਿੰਤਾਂਵਾਂ ਦਾ ਨਿਵਾਰਨ ਨਹੀਂ ਹੋਇਆ ਤਾਂ ਤੁਸੀਂ Patient Care Quality Review Board ਨੂੰ ਆਪਣੀਆਂ ਚਿੰਤਾਂਵਾਂ ਦੇ ਵਿਚਾਰ ਲਈ ਸੰਪਰਕ ਕਰ ਸਕਦੇ ਹੋ। Patient Care Quality Review Board ਤੁਹਾਡੇ ਇਲਾਕੇ ਵਿੱਚ ਰਹਿਣ ਵਾਲੇ ਵਿਅਕਤੀਆਂ ਦਾ ਹੈ ਅਤੇ ਇਹ ਹੈੱਲਥ ਅਥਾਰਟੀ ਤੋਂ ਅਜ਼ਾਦ ਹੁੰਦੇ ਹਨ।

Patient Care Quality Review Board ਬਾਰੇ ਹੋਰ ਜਾਣਕਾਰੀ ਲਈ, ਇਸ ਵੈਬਸਾਈਟ ਤੇ ਵੇਖੋ: www.patientcarequalityreviewboard.ca ਜਾਂ Patient Care Quality Office ਤੋਂ ਪੁਛੋ।

ਆਪਣੀ ਸ਼ਿਕਾਇਤ ਤੇ ਬੋਰਡ ਵਲੋਂ ਦੁਬਾਰਾ ਵਿਚਾਰ ਲਈ ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਸੰਪਰਕ ਕਰੋ:

### Patient Care Quality Review Board

ਪਤਾ: *PO Box 9643*
*Victoria, B.C.*
*V8W 9P1*

ਫ਼ੋਨ: *1 866 952-2448*

ਫ਼ੈਕਸ: *250 952-2428*

ਈ–ਮੇਲ: *contact@patientcarequalityreviewboard.ca*

ਵੈਬਸਾਈਟ: *www.patientcarequalityreviewboard.ca*